◆ ADVT ◆
ਇੱਥੇ ਇਸ਼ਤਿਹਾਰ ਦਿਓ
98700 06472 · need24.digital

NEED24 NEWS
हर ख़बर, हर शहर

# ਨੀਡ 24 ਨਿਊਜ਼

ਹਰ ਖ਼ਬਰ, ਹਰ ਸ਼ਹਿਰ

◆ ADVT ◆
ਇੱਥੇ ਇਸ਼ਤਿਹਾਰ ਦਿਓ
98700 06472 · need24.digital

DIGITAL E-PAPER

PRGI APPLICATION UNDER PROCESS
Application No. T/GJ/2026/0619/2304/1577

GST
GSTIN 24CINPG0564Q1ZT

UDYAM REGISTERED
UDYAM-GJ-14-0003714

◆ DIGITAL NEWS NETWORK ◆
ਭਾਰਤ ਦਾ ਭਰੋਸੇਮੰਦ ਬਹੁਭਾਸ਼ੀ ਡਿਜੀਟਲ ਨਿਊਜ਼ ਨੈੱਟਵਰਕ
11+ Languages | 24×7 Live | e-Paper Daily

ਸਾਡੀ App ਡਾਊਨਲੋਡ ਕਰੋ
Download on the App Store
GET IT ON Google Play

www.need24.digital
info@need24.in
+91 98700 06472
FOLLOW US:

तेज़ | सटीक | निष्पक्ष | जनहित में | सच की आवाज़ | जन-जन की आवाज़ | निडर पत्रकारिता

PUNJAB | ਨੀਡ 24 ਨਿਊਜ਼ · ਹਰ ਖ਼ਬਰ, ਹਰ ਸ਼ਹਿਰ | 15 November 2026

LOCAL

## ਤਰਨਤਾਰਨ ਦੇ ਨੇੜੇ ਸਰਕਾਰੀ ਤੀਰਥ ਯਾਤਰਾ ਬੱਸਾਂ ਦੀ ਟੱਕਰ, ਕਈ ਹਾਲਾਤ




ਤਰਨਤਾਰਨ ਦੇ ਕਸਬੇ ਦੇ ਨੇੜੇ, ਨੋਸਿਹਰਾ-ਪੰਨੂਆ ਖੇਤਰ ਵਿੱਚ, ਪੰਜਾਬ ਸਰਕਾਰ ਦੀ ਤੀਰਥ ਯਾਤਰਾ ਲਈ ਵਰਤੀ ਜਾਂਦੀਆਂ ਦੋ ਬੱਸਾਂ ਆਪਸ ਵਿੱਚ ਟੱਕਰ ਗਈਆਂ। ਟੱਕਰ ਦੇ ਕਾਰਨ ਬੱਸਾਂ ਵਿੱਚ ਸਵਾਰ ਵੱਡੀ ਗਿਣਤੀ ਯਾਤਰੀਆਂ ਨੂੰ ਗੰਭੀਰ ਜਖਮ ਹੋਏ।

ਟੱਕਰ ਵਿੱਚ ਕਈ ਯਾਤਰੀਆਂ ਦੀ ਮੌਤ ਹੋਈ, ਜਦੋਂਕਿ ਬਹੁਤ ਸਾਰੇ ਜਖਮੀ ਹੋਏ। ਜਖਮੀਆਂ ਨੂੰ ਤੁਰੰਤ ਇਲਾਜ ਲਈ ਵੱਖ-ਵੱਖ ਹਸਪਤਾਲਾਂ ਵਿੱਚ ਭੇਜਿਆ ਗਿਆ।

ਬੱਸ ਟੱਕਰ ਦੇ ਦੌਰਾਨ ਇੱਕ ਮੋਟਰਸਾਈਕਲ ਸਵਾਰ ਨੇ ਪੀੜਤਾਂ ਦੀ ਮਦਦ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਸ ਨੂੰ ਵੀ ਹਾਦਸਾ ਹੋ ਗਿਆ। ਸਥਾਨਕ ਅਧਿਕਾਰੀਆਂ ਨੇ ਹਾਦਸੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਟਰਾਂਸਪੋਰਟ ਸੁਰੱਖਿਆ ਦੇ ਮਾਪਦੰਡਾਂ ਦੀ ਸਮੀਖਿਆ ਕਰ ਰਹੀਆਂ ਹਨ।

— Amandeep Singh

### ਸਰਕਾਰ ਨੇ ਲਾਂਚ ਕੀਤਾ 'ਕਰੋੜਪਤੀ ਪੋਟਲ': ਸਹੀ ਉੱਤਰ ਦੇਣ ਵਾਲੇ ਨੂੰ 1 ਕਰੋੜ ਰੁਪਏ

ਸਰਕਾਰ ਨੇ ਨਵਾਂ 'ਕਰੋੜਪਤੀ ਪੋਟਲ' ਲਾਂਚ ਕੀਤਾ, ਜਿਸ ਵਿੱਚ ਸਹੀ ਉੱਤਰ ਦੇਣ ਵਾਲੇ ਉਮੀਦਵਾਰ ਨੂੰ 1 ਕਰੋੜ ਰੁਪਏ ਇਨਾਮ ਮਿਲੇਗਾ। ਲਾਂਚ ਦੀ ਘੋਸ਼ਣਾ ਸਰਕਾਰੀ ਮੀਡੀਆ ਰਾਹੀਂ ਕੀਤੀ ਗਈ, ਜਿਸ ਵਿੱਚ ਭਾਗ ਲੈਣ ਵਾਲਿਆਂ ਨੂੰ ਸਹੀ ਉੱਤਰ ਦੇਣ ਦੀ ਚੁਣੌਤੀ ਦਿੱਤੀ ਗਈ। ਇਸ ਮੁਕਾਬਲੇ ਵਿੱਚ ਜਿੱਤਣ ਵਾਲੇ ਨੂੰ 1 ਕਰੋੜ ਰੁਪਏ ਦਾ ਇਨਾਮ ਮਿਲੇਗਾ, ਜੋ ਕਿ ਸਰਕਾਰ ਵੱਲੋਂ ਦਿੱਤਾ ਗਿਆ ਹੈ।

— Amandeep Singh

### ---- ਗੁਰੂ ਨਾਨਕ ਦੇਵ ਹਸਪਤਾਲ, ਅੰਮ੍ਰਿਤਸਰ ਵਿਖੇ ਦਾਖ਼ਲ ਬੱਸ ਹਾਦਸੇ ਵਿੱਚ ਜ਼ਖਮੀ ਹੋਏ ਵਿਅਕਤੀਆਂ ਦਾ ਹਾਲਚਾਲ ਪੁੱਛਦੇ ਹੋਏ ਡਿਪਟੀ ਕਮਿਸ਼ਨਰ ਤਰਨ ਤਾਰਨ ਡਾ. ਨਿਰਮਲ ਓਸੇਪਚਨ।

ਡਿਪਟੀ ਕਮਿਸ਼ਨਰ ਤਰਨ ਤਾਰਨ ਡਾ. ਨਿਰਮਲ ਓਸੇਪਚਨ ਨੇ ਦੱਸਿਆ ਕਿ ਤਰਨ ਤਾਰਨ ਦੇ ਕਸਬਾ ਨੌਸ਼ਹਿਰਾ ਪੰਨੂਆਂ ਨੇੜੇ ਰਾਸ਼ਟਰੀ ਰਾਜ ਮਾਰਗ 'ਤੇ ਇਕ ਮੋਟਰ ਸਾਈਕਲ ਸਵਾਰ ਨੂੰ ਬਚਾਉਂਦਿਆਂ ਮੁੱਖ ਮੰਤਰੀ ਤੀਰਥ ਯਾਤਰਾ ਨਾਲ ਸਬੰਧਤ ਦੋ ਬੱਸਾਂ ਦੀ ਹੋਈ ਆਪਸੀ ਟੱਕਰ ਵਿੱਚ 5 ਵਿਅਕਤੀਆਂ ਦੀ ਮੌਤ ਹੋਈ ਹੈ ਜਦਕਿ ਪੰਜ ਗੰਭੀਰ ਜ਼ਖਮੀਆਂ ਨੂੰ ਗੁਰੂ ਨਾਨਕ ਦੇਵ ਮੈਡੀਕਲ ਕਾਲਜ ਹਸਪਤਾਲ ਅੰਮ੍ਰਿਤਸ

— Parkash singh

RELIGION

### ਜਲੰਧਰ ਦੇ ਅਸ਼ੋਕ ਵਿਹਾਰ, ਸਲੇਮਪੁਰ ਰੋਡ 'ਤੇ ਮਾਤਾ ਜਗਰਨ



ਜਲੰਧਰ ਦੇ ਅਸ਼ੋਕ ਵਿਹਾਰ, ਸਲੇਮਪੁਰ ਰੋਡ 'ਤੇ ਮਾਤਾ ਜਗਰਨ ਦਾ ਆਯੋਜਨ ਕੀਤਾ ਗਿਆ।

ਇਸ ਸਮਾਗਮ ਵਿੱਚ ਭਗਤਾਂ ਨੇ ਮਾਤਾ ਦੀ ਮਹਿਮਾ ਗਾਉਂਦੇ ਹੋਏ ਭਗਤੀਮਈ ਗੀਤਾਂ ਦੀ ਰਚਨਾ ਕੀਤੀ ਅਤੇ ਪ੍ਰਾਰਥਨਾ ਕੀਤੀ।

ਮਾਤਾ ਜਗਰਨ ਦੀ ਇਹ ਸ਼ਾਮ ਸਥਾਨਕ ਲੋਕਾਂ ਦੀ ਧਾਰਮਿਕ ਭਾਵਨਾ ਅਤੇ ਸਮੁਦਾਇਕ ਇਕੱਠ ਨੂੰ ਦਰਸਾਉਂਦੀ ਹੈ।

— Sunny Kumar, Jalandhar

### Under 19 Asia cup ਭਾਰਤ ਨੇ ਜਿੱਤਿਆ ਫ਼ਾਈਨਲ ਮੁਕਾਬਲਾ




ਭਾਰਤ ਨੇ ਅਡਰ 19 ਏਸੀਆ ਕੱਪ ਜਿੱਤ ਲਿਆ ਹੈ । ਪਾਕਿਸਤਾਨ ਟੀਮ ਨੂੰ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਿਆ।

— Tarun Kumar

LOCAL

### ਡੇਰਾਬੱਸੀ: ਸਿਮਰਨ ਸਿਟੀ ਤੋਂ 38 ਸਾਲਾ ਔਰਤ ਭੇਤਭਰੀ ਹਾਲਤ ਵਿੱਚ ਲਾਪਤਾ




ਡੇਰਾਬੱਸੀ: ਸਿਮਰਨ ਸਿਟੀ ਤੋਂ 38 ਸਾਲਾ ਔਰਤ ਭੇਤਭਰੀ ਹਾਲਤ ਵਿੱਚ ਲਾਪਤਾ

ਡੇਰਾਬੱਸੀ, 14 ਨਵੰਬਰ

ਡੇਰਾਬੱਸੀ ਦੇ ਏ.ਟੀ.ਐੱਸ. ਵੈਲੀ ਸਕੂਲ ਸਾਹਮਣੇ ਸਥਿਤ ਸਿਮਰਨ ਸਿਟੀ ਵਿੱਚੋਂ ਇੱਕ 38 ਸਾਲਾ ਔਰਤ ਦੇ ਭੇਤਭਰੀ ਹਾਲਤ ਵਿੱਚ ਲਾਪਤਾ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਔਰਤ ਨੂੰ ਲਾਪਤਾ ਹੋਇਆਂ ਦੋ ਦਿਨ ਬੀਤ ਜਾਣ ਦੇ ਬਾਵਜੂਦ ਉਸ ਦਾ ਕੋਈ ਸੁਰਾਗ ਨਾ ਮਿਲਣ ਕਾਰਨ ਪਰਿਵਾਰਕ ਮੈਂਬਰ ਚਿੰਤਾ ਵਿੱਚ ਹਨ। ਇਸ ਸਬੰਧੀ ਥਾਣਾ ਡੇਰਾਬੱਸੀ ਪੁਲਿਸ ਨੇ ਗੁੰਮਸ਼ੁਦਗੀ ਦੀ ਰਿਪੋਰਟ ਦਰਜ ਕਰਕੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਸਿਮਰਨ ਸਿਟੀ ਦੀ ਵਸਨੀਕ ਸੁਸ਼ਮਾ ਰਾਣੀ ਪਤਨੀ ਸਤੀਸ਼ ਕੁਮਾਰ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਸ ਦੀ 38 ਸਾਲਾ ਧੀ ਦੀਪੀਕਾ ਬੀਤੀ 12 ਨਵੰਬਰ ਨੂੰ ਦੁਪਹਿਰ ਕਰੀਬ ਇੱਕ ਵਜੇ ਘਰੋਂ ਬਿਨਾਂ ਕਿਸੇ ਨੂੰ ਕੁਝ ਦੱਸੇ ਚਲੀ ਗਈ ਸੀ। ਜਦੋਂ ਉਹ ਕਾਫ਼ੀ ਸਮਾਂ ਬੀਤਣ ਮਗਰੋਂ ਵੀ ਵਾਪਸ ਨਹੀਂ ਪਰਤੀ ਤਾਂ ਪਰਿਵਾਰਕ ਮੈਂਬਰਾਂ ਨੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ। ਰਿਸ਼ਤੇਦਾਰਾਂ ਅਤੇ ਜਾਣ-ਪਛਾਣ ਵਾਲਿਆਂ ਕੋਲ ਪੁੱਛਗਿੱਛ ਕਰਨ ਦੇ ਬਾਵਜੂਦ ਉਸ ਬਾਰੇ ਕੋਈ ਜਾਣਕਾਰੀ ਨਹੀਂ ਮਿਲ ਸਕੀ। ਸ਼ਿਕਾਇਤਕਰਤਾ ਅਨੁਸਾਰ ਦੀਪੀਕਾ ਕੁਝ ਸਮੇਂ ਤੋਂ ਮਾਨਸਿਕ ਪਰੇਸ਼ਾਨੀ ਕਾਰਨ ਪੀ.ਜੀ.ਆਈ. ਚੰਡੀਗੜ੍ਹ ਤੋਂ ਇਲਾਜ ਕਰਵਾ ਰਹੀ ਹੈ। ਉਸ ਦਾ ਕੱਦ ਕਰੀਬ ਪੰਜ ਫੁੱਟ ਚਾਰ ਇੰਚ ਅਤੇ ਰੰਗ ਸਾਫ਼ ਦੱਸਿਆ ਗਿਆ ਹੈ। ਮਾਮਲੇ ਦੀ ਪੜਤਾਲ ਕਰ ਰਹੇ ਏ.ਐੱਸ.ਆਈ. ਦਿਲਬਾਗ ਸਿੰਘ ਨੇ ਦੱਸਿਆ ਕਿ ਪੁਲਿਸ ਵੱਲੋਂ ਗੁੰਮਸ਼ੁਦਗੀ ਦੀ ਰਿਪੋਰਟ ਦਰਜ ਕੀਤੀ ਗਈ ਹੈ। ਲਾਪਤਾ ਔਰਤ ਦੀ ਭਾਲ ਲਈ ਹੋਰਨਾਂ ਪੁਲਿਸ ਥਾਣਿਆਂ ਅਤੇ ਕੰਟਰੋਲ ਰੂਮ ਨੂੰ ਸੂਚਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਉਸ ਦੀ ਭਾਲ ਸਬੰਧੀ ਇਸ਼ਤਿਹਾਰ ਵੀ ਜਾਰੀ ਕੀਤੇ ਜਾ ਰਹੇ ਹਨ। ਪਰਿਵਾਰਕ ਮੈਂਬਰਾਂ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਦੀਪੀਕਾ ਬਾਰੇ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਮਿਲਣ 'ਤੇ ਨਜ਼ਦੀਕੀ ਪੁਲਿਸ ਥਾਣੇ ਨਾਲ ਸੰਪਰਕ ਕੀਤਾ ਜਾਵੇ।

— Gaurav Sharma

LOCAL

### ਗਲੀ ਵਿੱਚ ਖੇਡਦਾ ਹੋਇਆ ਢਾਈ ਸਾਲਾ ਬੱਚਾ ਸ਼ੱਕੀ ਹਾਲਾਤਾਂ ਵਿੱਚ ਲਾਪਤਾ



ਗਲੀ ਵਿੱਚ ਖੇਡਦਾ ਹੋਇਆ ਢਾਈ ਸਾਲਾ ਬੱਚਾ ਸ਼ੱਕੀ ਹਾਲਾਤਾਂ ਵਿੱਚ ਲਾਪਤਾ

ਲਾਲੜੂ, 14 ਨਵੰਬਰ

ਪਿੰਡ ਬੱਲੋਪੁਰ ਵਿੱਚ ਆਪਣੇ ਘਰ ਦੇ ਸਾਹਮਣੇ ਗਲੀ ਵਿੱਚ ਖੇਡ ਰਿਹਾ ਢਾਈ ਸਾਲਾ ਬੱਚਾ ਅਚਾਨਕ ਲਾਪਤਾ ਹੋ ਗਿਆ। ਬੱਚੇ ਦੇ ਲਾਪਤਾ ਹੋਣ ਕਾਰਨ ਪਰਿਵਾਰ ਵਿੱਚ ਚਿੰਤਾ ਦਾ ਮਾਹੌਲ ਹੈ। ਪਰਿਵਾਰਕ ਮੈਂਬਰਾਂ ਨੇ ਇਸ ਦੀ ਸ਼ਿਕਾਇਤ ਸਥਾਨਕ ਪੁਲਿਸ ਥਾਣਾ ਲਾਲੜੂ ਵਿਖੇ ਦੇ ਕੇ ਬੱਚੇ ਦੀ ਭਾਲ ਕਰਨ ਦੀ ਗੁਹਾਰ ਲਗਾਈ ਹੈ।

ਬੱਚੇ ਦੇ ਦਾਦਾ ਬਹਾਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਕਰੀਬ ਢਾਈ ਸਾਲਾ ਪੋਤਾ ਗੁਰਸਾਜ ਪੁੱਤਰ ਗੁਰਵਿੰਦਰ ਸਿੰਘ ਸ਼ਨੀਵਾਰ ਦੁਪਹਿਰ ਕਰੀਬ ਸਾਢੇ 12 ਵਜੇ ਘਰ ਦੇ ਬਾਹਰ ਗਲੀ ਵਿੱਚ ਖੇਡ ਰਿਹਾ ਸੀ। ਕਰੀਬ ਵੀਹ ਮਿੰਟ ਬਾਅਦ ਜਦੋਂ ਉਨ੍ਹਾਂ ਨੇ ਬੱਚੇ ਨੂੰ ਦੇਖਿਆ ਤਾਂ ਉਹ ਉੱਥੇ ਮੌਜੂਦ ਨਹੀਂ ਸੀ। ਪਹਿਲਾਂ ਉਨ੍ਹਾਂ ਨੇ ਆਸ-ਪਾਸ ਦੀਆਂ ਗਲੀਆਂ ਅਤੇ ਮੁਹੱਲੇ ਵਿੱਚ ਬੱਚੇ ਦੀ ਭਾਲ ਕੀਤੀ। ਇਸ ਤੋਂ ਬਾਅਦ ਰਿਸ਼ਤੇਦਾਰਾਂ ਅਤੇ ਹੋਰ ਸੰਭਾਵਿਤ ਥਾਵਾਂ 'ਤੇ ਵੀ ਪਤਾ ਕੀਤਾ, ਪਰ ਬੱਚੇ ਦਾ ਕੋਈ ਸੁਰਾਗ ਨਹੀਂ ਲੱਗ ਸਕਿਆ।

ਪਰਿਵਾਰਕ ਮੈਂਬਰਾਂ ਅਨੁਸਾਰ, ਕਾਫ਼ੀ ਭਾਲ ਕਰਨ ਦੇ ਬਾਵਜੂਦ ਬੱਚੇ ਦਾ ਪਤਾ ਨਾ ਲੱਗਣ 'ਤੇ ਉਨ੍ਹਾਂ ਨੇ ਪੁਲਿਸ ਨੂੰ ਸੂਚਨਾ ਦਿੱਤੀ। ਪੁਲਿਸ ਨੂੰ ਬੱਚੇ ਦੇ ਲਾਪਤਾ ਹੋਣ ਸਬੰਧੀ ਲਿਖਤੀ ਸ਼ਿਕਾਇਤ ਦੇ ਦਿੱਤੀ ਗਈ ਹੈ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਬੱਚੇ ਦੀ ਭਾਲ ਲਈ ਯਤਨ ਕੀਤੇ ਜਾ ਰਹੇ ਹਨ।

— Gaurav Sharma

LOCAL

### ਡੇਰਾਬੱਸੀ: ਭਾਂਖਰਪੁਰ 'ਚ ਹਾਈਵੇਅ ਕਿਨਾਰੇ ਕੂੜੇ ਦੇ ਢੇਰਾਂ ਨੂੰ ਸ਼ਰੇਆਮ ਅੱਗ, ਹਾਈ-ਟੈਂਸ਼ਨ ਟਾਵਰ ਤੇ ਰਾਹਗੀਰਾਂ ਲਈ ਖ਼ਤਰਾ ਵਧਿਆ



ਡੇਰਾਬੱਸੀ: ਭਾਂਖਰਪੁਰ 'ਚ ਹਾਈਵੇਅ ਕਿਨਾਰੇ ਕੂੜੇ ਦੇ ਢੇਰਾਂ ਨੂੰ ਸ਼ਰੇਆਮ ਅੱਗ, ਹਾਈ-ਟੈਂਸ਼ਨ ਟਾਵਰ ਤੇ ਰਾਹਗੀਰਾਂ ਲਈ ਖ਼ਤਰਾ ਵਧਿਆ

ਡੇਰਾਬੱਸੀ, 14 ਨਵੰਬਰ

ਮੁਕਤ ਬਣਾਉਣ ਲਈ ਵੱਡੇ ਪੱਧਰ 'ਤੇ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ, ਦੂਜੇ ਪਾਸੇ ਡੇਰਾਬੱਸੀ ਨੇੜਲੇ ਪਿੰਡ ਭਾਂਖਰਪੁਰ ਵਿਖੇ ਹਾਈਵੇ ਸੜਕ ਕਿਨਾਰੇ ਲੱਗੇ ਕੂੜੇ-ਕਰਕਟ ਦੇ ਢੇਰਾਂ ਨੂੰ ਸ਼ਰੇਆਮ ਅੱਗ ਲਗਾਏ ਜਾਣ ਦੀਆਂ ਘਟਨਾਵਾਂ ਨੇ ਪ੍ਰਸ਼ਾਸਨਿਕ ਪ੍ਰਬੰਧਾਂ 'ਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ। ਪਿੰਡ ਦੇ ਸ਼ਮਸ਼ਾਨਘਾਟ ਨੇੜੇ ਵੱਖ-ਵੱਖ ਥਾਵਾਂ 'ਤੇ ਕੂੜੇ ਨੂੰ ਲੱਗੀ ਅੱਗ ਕਾਰਨ ਉੱਠ ਰਹੇ ਸੰਘਣੇ ਕਾਲੇ ਧੂੰਏਂ ਨੇ ਜਿੱਥੇ ਵਾਤਾਵਰਣ ਨੂੰ ਦੂਸ਼ਿਤ ਕਰ ਦਿੱਤਾ ਹੈ, ਉੱਥੇ ਹੀ ਇਸ ਰਸਤੇ ਤੋਂ ਲੰਘਣ ਵਾਲੇ ਰਾਹਗੀਰਾਂ ਅਤੇ ਨੇੜਲੇ ਵਸਨੀਕਾਂ ਲਈ ਵੀ ਮੁਸ਼ਕਲਾਂ ਖੜ੍ਹੀਆਂ ਕਰ ਦਿੱਤੀਆਂ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਦੀ ਮੁੱਖ ਸੜਕ ਦੇ ਨਾਲ ਸ਼ਮਸ਼ਾਨਘਾਟ ਨੇੜੇ ਵੱਡੀ ਮਾਤਰਾ ਵਿੱਚ ਕੂੜਾ-ਕਰਕਟ ਅਤੇ ਪਲਾਸਟਿਕ ਦਾ ਕਚਰਾ ਇਕੱਠਾ ਹੋਇਆ ਪਿਆ ਹੈ। ਸ਼ਾਮ ਸਮੇਂ ਇਸ ਕੂੜੇ ਨੂੰ ਕਈ ਥਾਵਾਂ 'ਤੇ ਅੱਗ ਲੱਗਣ ਕਾਰਨ ਧੂੰਏਂ ਦੇ ਗੁਬਾਰ ਉੱਠਦੇ ਦੇਖੇ ਗਏ। ਪਲਾਸਟਿਕ ਅਤੇ ਹੋਰ ਰਹਿੰਦ-ਖੂੰਹਦ ਸੜਨ ਨਾਲ ਨਿਕਲਣ ਵਾਲਾ ਹਾਨੀਕਾਰਕ ਧੂੰਆਂ ਲੋਕਾਂ ਦੀ ਸਿਹਤ ਲਈ ਗੰਭੀਰ ਖ਼ਤਰਾ ਬਣ ਸਕਦਾ ਹੈ। ਚਿੰਤਾ ਦਾ ਵਿਸ਼ਾ ਇਹ ਵੀ ਹੈ ਕਿ ਜਿਸ ਥਾਂ ਕੂੜੇ ਨੂੰ ਅੱਗ ਲੱਗੀ ਹੋਈ ਹੈ, ਉਸ ਦੇ ਬਿਲਕੁਲ ਨੇੜੇ ਹਾਈ-ਟੈਂਸ਼ਨ ਬਿਜਲੀ ਲਾਈਨ ਦਾ ਟਾਵਰ ਸਥਿਤ ਹੈ। ਅੱਗ ਦੀਆਂ ਲਪਟਾਂ ਅਤੇ ਤੇਜ਼ ਸੇਕ ਕਾਰਨ ਬਿਜਲੀ ਦੇ ਢਾਂਚੇ ਨੂੰ ਨੁਕਸਾਨ ਪਹੁੰਚਣ ਦਾ ਖ਼ਦਸ਼ਾ ਪ੍ਰਗਟਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਸੜਕ ਉੱਤੇ ਫੈਲਦਾ ਸੰਘਣਾ ਧੂੰਆਂ ਵਾਹਨ ਚਾਲਕਾਂ ਦੀ ਨਜ਼ਰ ਵਿੱਚ ਰੁਕਾਵਟ ਪੈਦਾ ਕਰ ਸਕਦਾ ਹੈ, ਜਿਸ ਨਾਲ ਸੜਕ ਹਾਦਸੇ ਦਾ ਖ਼ਤਰਾ ਵੀ ਵਧ ਜਾਂਦਾ ਹੈ। ਲੋਕਾਂ ਨੇ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਇੱਕ ਪਾਸੇ ਪਰਾਲੀ ਸਾੜਨ ਅਤੇ ਪ੍ਰਦੂਸ਼ਣ ਫੈਲਾਉਣ ਵਾਲਿਆਂ ਖ਼ਿਲਾਫ਼ ਸਖ਼ਤੀ ਦੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ, ਜਦਕਿ ਦੂਜੇ ਪਾਸੇ ਆਬਾਦੀ ਅਤੇ ਆਵਾਜਾਈ ਵਾਲੇ ਰਸਤਿਆਂ ਨੇੜੇ ਕੂੜਾ ਸਾੜਨ ਦੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ। ਲੋਕਾਂ ਨੇ ਜ਼ਿਲ੍ਹਾ ਪ੍ਰਸ਼ਾਸਨ, ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਸਬੰਧਤ ਪੰਚਾਇਤ ਤੋਂ ਮੰਗ ਕੀਤੀ ਹੈ ਕਿ ਕੂੜੇ ਨੂੰ ਲੱਗੀ ਅੱਗ ਤੁਰੰਤ ਬੁਝਵਾਈ ਜਾਵੇ, ਸੜਕ ਕਿਨਾਰੇ ਇਕੱਠੇ ਹੋਏ ਕੂੜੇ ਦੀ ਢੁਕਵੀਂ ਸਫ਼ਾਈ ਕਰਵਾਈ ਜਾਵੇ ਅਤੇ ਅੱਗ ਲਗਾਉਣ ਵਾਲੇ ਵਿਅਕਤੀਆਂ ਦੀ ਪਛਾਣ ਕਰਕੇ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇ।

ਪੰਚਾਇਤ ਦਾ ਪੱਖ

ਇਸ ਸਬੰਧੀ ਪਿੰਡ ਭਾਂਖਰਪੁਰ ਦੇ ਸਰਪੰਚ ਮਨਦੀਪ ਕੌਰ ਦੇ ਪਤੀ ਜਗਪ੍ਰੀਤ ਸਿੰਘ ਜੱਗੀ ਨਾਲ ਸੰਪਰਕ ਕਰਨ ’ਤੇ ਉਨ੍ਹਾਂ ਦੱਸਿਆ ਕਿ ਪਿੰਡ ਵਿੱਚ ਕੂੜਾ ਇਕੱਠਾ ਕਰਨ ਲਈ ਠੇਕੇਦਾਰ ਰਾਹੀਂ ਪ੍ਰਬੰਧ ਕੀਤਾ ਗਿਆ ਹੈ। ਇਕੱਠੇ ਕੀਤੇ ਕੂੜੇ ਵਿੱਚੋਂ ਵਿਕਣਯੋਗ ਸਮੱਗਰੀ ਵੱਖ ਕਰਕੇ ਵੇਚ ਦਿੱਤੀ ਜਾਂਦੀ ਹੈ, ਜਦਕਿ ਬਾਕੀ ਕੂੜੇ ਦੇ ਨਿਪਟਾਰੇ ਦਾ ਪ੍ਰਬੰਧ ਕੀਤਾ ਜਾਂਦਾ ਹੈ। ਉਹ ਇਸ ਸਬੰਧੀ ਪੜਤਾਲ ਕਰਵਾਉਣਗੇ ਕਿ ਅੱਗ ਕਿਸ ਵੱਲੋਂ ਲਗਾਈ ਗਈ ਹੈ। ਉਨ੍ਹਾਂ ਕਿਹਾ ਕਿ ਜੇਕਰ ਇਸ ਕਾਰਨ ਰਾਹਗੀਰਾਂ ਜਾਂ ਇਲਾਕਾ ਵਾਸੀਆਂ ਨੂੰ ਪ੍ਰੇਸ਼ਾਨੀ ਆ ਰਹੀ ਹੈ ਤਾਂ ਇਸ ਦਾ ਹੱਲ ਕਰਵਾਉਣ ਲਈ ਬਣਦੇ ਕਦਮ ਚੁੱਕੇ ਜਾਣਗੇ।

— Gaurav Sharma

POLITICS

## *ਚੰਨੀ ਦੀ ਸਾਈਕਲ ਯਾਤਰਾ ’ਤੇ ਗੁਰਦੇਵ ਸ਼ਰਮਾ ਦੇਬੀ ਦਾ ਤਿੱਖਾ ਤੰਜ, ਕਿਹਾ—‘ਜਵਾਨੀ ਸੰਭਾਲ ਨਹੀਂ, ਕੁਰਸੀ ਬਚਾਓ ਯਾਤਰਾ’* *ਆਪਣੇ ਸਿਆਸੀ ਆਕਾਵਾਂ ਨੂੰ ਖੁਸ਼ ਕਰਨ ਲਈ ਕਈ ਕਾਂਗਰਸੀ ਨੱਚਦੇ ਤੇ ਕੁਝ ਲੁਕਦੇ ਨਜ਼ਰ ਆਏ : ਗੁਰਦੇਵ ਸ਼ਰਮਾ ਦੇਬੀ*



*ਚੰਨੀ ਦੀ ਸਾਈਕਲ ਯਾਤਰਾ ’ਤੇ ਗੁਰਦੇਵ ਸ਼ਰਮਾ ਦੇਬੀ ਦਾ ਤਿੱਖਾ ਤੰਜ, ਕਿਹਾ—‘ਜਵਾਨੀ ਸੰਭਾਲ ਨਹੀਂ, ਕੁਰਸੀ ਬਚਾਓ ਯਾਤਰਾ’*

*ਆਪਣੇ ਸਿਆਸੀ ਆਕਾਵਾਂ ਨੂੰ ਖੁਸ਼ ਕਰਨ ਲਈ ਕਈ ਕਾਂਗਰਸੀ ਨੱਚਦੇ ਤੇ ਕੁਝ ਲੁਕਦੇ ਨਜ਼ਰ ਆਏ : ਗੁਰਦੇਵ ਸ਼ਰਮਾ ਦੇਬੀ*

*ਲੁਧਿਆਣਾ, 14 ਨਵੰਬਰ () :* ਚਰਨਜੀਤ ਸਿੰਘ ਚੰਨੀ ਵੱਲੋਂ ਕੱਢੀ ਜਾ ਰਹੀ ਸਾਈਕਲ ਯਾਤਰਾ ’ਤੇ ਤਿੱਖਾ ਤੰਜ ਕੱਸਦਿਆਂ ਪੰਜਾਬ ਭਾਜਪਾ ਦੇ ਖਜ਼ਾਨਚੀ ਅਤੇ ਹਲਕਾ ਲੁਧਿਆਣਾ ਕੇਂਦਰੀ ਦੇ ਇੰਚਾਰਜ ਗੁਰਦੇਵ ਸ਼ਰਮਾ ਦੇਬੀ ਨੇ ਕਿਹਾ ਕਿ ਇਹ ਯਾਤਰਾ ਜਵਾਨੀ ਸੰਭਾਲ ਯਾਤਰਾ ਨਹੀਂ, ਸਗੋਂ ਕੁਰਸੀ ਬਚਾਓ ਯਾਤਰਾ ਹੈ।

ਲੜਾਈ ਲਗਾਤਾਰ ਜਾਰੀ ਹੈ। ਕੋਈ ਪੰਜਾਬ ਦਾ ਮੁੱਖ ਮੰਤਰੀ ਬਣਨ ਦੇ ਸੁਪਨੇ ਦੇਖ ਰਿਹਾ ਹੈ ਅਤੇ ਕੋਈ ਆਪਣੀ ਟਿਕਟ ਬਚਾਉਣ ਦੀ ਕੋਸ਼ਿਸ਼ ਵਿੱਚ ਲੱਗਾ ਹੋਇਆ ਹੈ। ਕਾਂਗਰਸੀ ਆਗੂਆਂ ਨੂੰ ਪੰਜਾਬ ਦੇ ਅਸਲ ਮੁੱਦਿਆਂ ਅਤੇ ਲੋਕਾਂ ਦੀਆਂ ਸਮੱਸਿਆਵਾਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।

ਗੁਰਦੇਵ ਸ਼ਰਮਾ ਦੇਬੀ ਨੇ ਕਿਹਾ ਕਿ ਇਸ ਸਾਈਕਲ ਯਾਤਰਾ ਦੌਰਾਨ ਇੱਕ ਹੋਰ ਦਿਲਚਸਪ ਨਜ਼ਾਰਾ ਦੇਖਣ ਨੂੰ ਮਿਲਿਆ, ਜਿੱਥੇ ਆਪਣੇ ਸਿਆਸੀ ਆਕਾਵਾਂ ਨੂੰ ਖੁਸ਼ ਕਰਨ ਲਈ ਕਈ ਕਾਂਗਰਸੀ ਆਗੂ ਨੱਚਦੇ ਅਤੇ ਕੁਝ ਲੁਕਦੇ ਨਜ਼ਰ ਆਏ। ਉਨ੍ਹਾਂ ਕਿਹਾ ਕਿ ਕਾਂਗਰਸ ਦੇ ਆਗੂ ਆਪਣੇ ਸਿਆਸੀ ਆਕਾਵਾਂ ਦੀ ਵਾਹ-ਵਾਹ ਖੱਟਣ ਲਈ ਯਾਤਰਾ ਦੇ ਨਾਮ ’ਤੇ ਸਿਰਫ਼ ਸਿਆਸੀ ਤਮਾਸ਼ਾ ਕਰ ਰਹੇ ਹਨ।

ਉਨ੍ਹਾਂ ਅੱਗੇ ਕਿਹਾ ਕਿ ਭਾਵੇਂ ਯਾਤਰਾ ਵਿੱਚ ਨੱਚਣ ਵਾਲੇ ਆਗੂ ਹੋਣ ਜਾਂ ਆਪਣੀ ਹਾਜ਼ਰੀ ਤੋਂ ਬਚਦੇ ਨਜ਼ਰ ਆਉਣ ਵਾਲੇ ਆਗੂ, ਇਹ ਸਭ ਕਾਂਗਰਸ ਪਾਰਟੀ ਦੀ ਅੰਦਰੂਨੀ ਖਿੱਚੋਤਾਣ ਅਤੇ ਪੰਜਾਬ ਪ੍ਰਤੀ ਗੈਰ-ਗੰਭੀਰਤਾ ਨੂੰ ਉਜਾਗਰ ਕਰਦਾ ਹੈ।

ਅੰਤ ਵਿੱਚ ਗੁਰਦੇਵ ਸ਼ਰਮਾ ਦੇਬੀ ਨੇ ਕਿਹਾ ਕਿ ਪੰਜਾਬ ਦੇ ਲੋਕ ਹੁਣ ਅਜਿਹੇ ਸਿਆਸੀ ਤਮਾਸ਼ਿਆਂ ਤੋਂ ਭਲੀ-ਭਾਂਤ ਜਾਣੂ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਪੰਜਾਬ ਕਾਂਗਰਸ ਨੂੰ ਲੋਕਾਂ ਵੱਲੋਂ ਕੋਈ ਸਿਆਸੀ ਹੁੰਗਾਰਾ ਨਹੀਂ ਮਿਲੇਗਾ।

— Jaspreet singh, Ludhiana

LOCAL

## ਮੁਬਾਰਕਪੁਰ ਚੁੰਗਾ ਵਿੱਚ ਪਰਮਜੀਤ ਪੰਮੀ ਜੀ ਦੀ ਮਾਤਾ ਦਾ ਦਿਹਾਂਤ: ਇਲਾਕੇ ਵਿੱਚ ਸੋਗ ਦੀ ਲਹਿਰ



ਮੁਬਾਰਕਪੁਰ ਚੁੰਗਾ ਦੇ ਪਿੰਡ ਵਿੱਚ ਪਰਮਜੀਤ ਪੰਮੀ ਜੀ ਦੀ ਮਾਤਾ ਦੇ ਅਕਾਲ ਚਲਾਣੇ ਦੀ ਦੁੱਖਦਾਈ ਖ਼ਬਰ ਮਿਲਣ 'ਤੇ ਇਲਾਕੇ ਵਿੱਚ ਸੋਗ ਦੀ ਲਹਿਰ ਛਾ ਗਈ।

ਅੱਜ ਪਰਿਵਾਰ ਨੇ ਆਪਣੇ ਗ੍ਰਿਹ ਵਿੱਚ ਦੱਖਣ ਸਾਂਝਾ ਕੀਤਾ ਅਤੇ ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ।

ਇਸ ਮੌਕੇ 'ਤੇ ਇਲਾਕੇ ਦੇ ਮੋਹਤਬਰ ਵਿਅਕਤੀਆਂ, ਪੰਚਾਇਤ ਮੈਂਬਰਾਂ ਅਤੇ ਪਿੰਡ ਵਾਸੀਆਂ ਨੇ ਪਰਿਵਾਰ ਨੂੰ ਹੌਂਸਲਾ ਦਿੱਤਾ ਅਤੇ ਕਿਹਾ ਕਿ ਦੁੱਖ ਦੀ ਇਸ ਘੜੀ ਵਿੱਚ ਸਮੁੱਚਾ ਇਲਾਕਾ ਪਰਿਵਾਰ ਦੇ ਨਾਲ ਖੜ੍ਹਾ ਹੈ।

ਮਾਂ ਦਾ ਵਿਛੋੜਾ ਕਦੇ ਵੀ ਪੂਰਾ ਨਹੀਂ ਹੋ ਸਕਦਾ। ਵਾਹਿਗੁਰੂ ਵਿਛੜੀ ਆਤਮਾ ਨੂੰ ਆਪਣੇ ਚਰਨਾਂ 'ਤੇ ਨਿਵਾਸ ਬਖ਼ਸ਼ਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ।

ਅਪਣੇ ਲੋਕ, ਅਪਣਾ ਪਰਿਵਾਰ! ਰਿਸ਼ਤਾ ਮੁਹੱਬਤ ਅਤੇ ਵਿਸ਼ਵਾਸ ਦਾ!

— Sajjad Alam

POLITICS

## ਪੱਟੀ ਹਲਕੇ ਦਾ ਵਿਕਾਸ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਸਾਡੀ ਪਹਿਲ -ਰਵਿੰਦਰ ਸਿੰਘ ਬ੍ਰਹਮਪੁਰਾ




ਤਰਨ ਤਾਰਨ 13 ਨਵੰਬਰ (ਪ੍ਰਕਾਸ਼ ਸਿੰਘ)

ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਕਿਹਾ ਕਿ ।

ਹਲਕਾ ਪੱਟੀ ਦੇ ਲੋਕਾਂ ਨਾਲ ਸਿੱਧਾ ਰਾਬਤਾ ਕਾਇਮ ਕਰਨ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣਨ ਲਈ ਲੋਕ ਮਿਲਣੀ ਦਾ ਸਿਲਸਿਲਾ ਲਗਾਤਾਰ ਜਾਰੀ ਰਹੇਗਾ।

ਮੇਰਾ ਮੁੱਖ ਮਕਸਦ ਹਰ ਪਿੰਡ, ਹਰ ਪਰਿਵਾਰ ਅਤੇ ਹਰ ਵਰਗ ਦੀ ਆਵਾਜ਼ ਸੁਣਨਾ, ਉਨ੍ਹਾਂ ਦੀਆਂ ਮੁਸ਼ਕਲਾਂ ਦਾ ਹੱਲ ਕਰਵਾਉਣਾ ਅਤੇ ਵਿਕਾਸ ਕਾਰਜਾਂ ਨੂੰ ਅੱਗੇ ਵਧਾਉਣਾ ਹੈ।

ਆਓ, ਆਪਾਂ ਸਾਰੇ ਮਿਲ ਕੇ ਹਲਕਾ ਪੱਟੀ ਨੂੰ ਵਿਕਾਸ ਅਤੇ ਖੁਸ਼ਹਾਲੀ ਦੀਆਂ ਨਵੀਆਂ ਬੁਲੰਦੀਆਂ 'ਤੇ ਲੈ ਕੇ ਜਾਈਏ।

ਤੁਹਾਡਾ ਆਪਣਾ,

ਸ. ਰਵਿੰਦਰ ਸਿੰਘ ਬ੍ਰਹਮਪੁਰਾ

ਸਾਬਕਾ ਵਿਧਾਇਕ

EDUCATION

## ਚਾਚਾ ਨੇਹਰੂ ਦੀ ਕਹਾਣੀ ਨਾਲ ਬਾਲ ਦਿਵਸ ਮਨਾਇਆ, ਹੱਕ ਦੀ ਆਵਾਜ਼ ਦੇ ਰਾਸ਼ਟਰੀ ਅਧਿਆਖ਼ ਸੱਜਾਦ ਆਲਮ ਨੇ ਦਿੱਤੀ ਖੁਸ਼ੀ ਭਰੀ ਸ਼ੁਭਕਾਮਨਾ



ਬਾਲ ਦਿਵਸ ਦੇ ਮੌਕੇ 'ਤੇ, ਰਾਸ਼ਟਰੀ ਅਧਿਆਖ਼ ਸੱਜਾਦ ਆਲਮ, ਹੱਕ ਦੀ ਆਵਾਜ਼ ਦੇ ਨੇਤਾ, ਨੇ ਆਪਣੇ ਬੱਚਿਆਂ ਨਾਲ ਮਿਲ ਕੇ ਇੱਕ ਖੁਸ਼ਗਵਾਰ ਸਮਾਗਮ ਕੀਤਾ।

ਉਨ੍ਹਾਂ ਨੇ ਚਾਚਾ ਨੇਹਰੂ ਦੇ ਕਹਿਣ 'ਬੱਚੇ ਦੇਸ਼ ਦਾ ਭਵਿੱਖ ਹਨ' ਨੂੰ ਯਾਦ ਕਰਦੇ ਹੋਏ ਕਿਹਾ, 'ਜੇ ਅਸੀਂ ਬੱਚਿਆਂ ਨੂੰ ਪਿਆਰ ਅਤੇ ਤਾਲੀਮ ਦਿਆਂਗੇ, ਤਾਂ ਹੀ ਭਵਿੱਖ ਚਮਕਦਾਰ ਹੋਵੇਗਾ।'

ਸੱਜਾਦ ਆਲਮ ਨੇ ਸਭ ਨੂੰ ਬਾਲ ਦਿਵਸ ਦੀਆਂ ਲੱਖ-ਲੱਖ ਵਧਾਈਆਂ ਦਿੱਤੀਆਂ ਅਤੇ ਬੱਚਿਆਂ ਦੀ ਖੁਸ਼ੀ, ਸਿਹਤ ਅਤੇ ਸਿੱਖਿਆ ਲਈ ਆਪਣੀ ਵਚਨਬੱਧਤਾ ਦੀ ਪੁਸ਼ਟੀ ਕੀਤੀ।

ਉਨ੍ਹਾਂ ਨੇ ਇਹ ਵੀ ਜ਼ੋਰ ਦਿੱਤਾ ਕਿ ਸਮਾਜ ਨੂੰ ਬੱਚਿਆਂ ਨੂੰ ਸੁਰੱਖਿਅਤ, ਪਿਆਰ ਭਰਿਆ ਅਤੇ ਗਿਆਨਵਾਨ ਵਾਤਾਵਰਣ ਪ੍ਰਦਾਨ ਕਰਨਾ ਚਾਹੀਦਾ ਹੈ, ਤਾਂ ਜੋ ਉਹ ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾ ਸਕਣ।

— Sajjad Alam, Ludhiana

LOCAL

## ਸਮਾਜਿਕ ਕਮੇਟੀ ਨੇ ਗਰੀਬ ਕੁੜੀਆਂ ਦੇ ਵਿਆਹ ਲਈ ਹਰ ਪਿੰਡ ਤੋਂ ਹਜ਼ਾਰ ਰੁਪਏ ਇਕੱਠੇ ਕੀਤੇ



ਕਮੇਟੀ ਨੇ ਹਰ ਪਿੰਡ ਤੋਂ ਇੱਕ ਹਜ਼ਾਰ ਰੁਪਏ ਇਕ ਮਹੀਨੇ ਲਈ ਇਕੱਠਾ ਕੀਤਾ, ਜਿਸ ਨਾਲ ਗਰੀਬ ਕੁੜੀਆਂ ਦੇ ਵਿਆਹ ਦੀ ਵਿੱਤੀ ਸਹਾਇਤਾ ਹੋਵੇਗੀ।

ਇਸ ਫੰਡ ਨਾਲ ਹਰ ਸਾਲ 10 ਤੋਂ 12 ਕੁੜੀਆਂ ਦੇ ਵਿਆਹ ਕਰਵਾਉਣ ਦੀ ਯੋਜਨਾ ਹੈ, ਅਤੇ ਛੇ ਮਹੀਨੇ ਦੇ ਅੰਦਰ ਇਹ ਪ੍ਰਕਿਰਿਆ ਸ਼ੁਰੂ ਕਰਨ ਦੀ ਉਮੀਦ ਹੈ।

ਕਮੇਟੀ ਦੇ ਪ੍ਰਧਾਨ ਭਜਨ ਸਿੰਘ ਨੇ ਕਿਹਾ ਕਿ ਇਹ ਪਹਿਲ ਸਮਾਜ ਸੇਵਕ ਕਮੇਟੀ ਦੀ ਏਜੰਡਾ ਹੈ ਅਤੇ ਸਮਾਜ ਦੀ ਭਲਾਈ ਲਈ ਲਗਾਤਾਰ ਕੰਮ ਕਰੇਗੀ।

ਇਸ ਯੋਜਨਾ ਦੇ ਅਧੀਨ, ਵਿਆਹ ਦੀ ਤਿਆਰੀ ਅਤੇ ਲੋੜੀਂਦੇ ਖਰਚੇ ਕਵਰ ਕੀਤੇ ਜਾਣਗੇ, ਜਿਸ ਨਾਲ ਗਰੀਬ ਪਰਿਵਾਰਾਂ ਉੱਤੇ ਆਰਥਿਕ ਬੋਝ ਘਟੇਗਾ।

— Bhajan Singh

## ਪਿੰਡ ਬਦਿਆਲਾ ਵਿਖੇ ‘ਮੇਰਾ ਘਰ ਮੇਰੇ ਨਾਮ’ ਸਕੀਮ ਤਹਿਤ ਲਾਭਪਾਤਰੀ ਪਰਿਵਾਰਾਂ ਨੂੰ ਵੰਡੇ ਪ੍ਰਾਪਰਟੀ ਕਾਰਡ



ਲਾਲ ਲਕੀਰ ਅੰਦਰ ਰਹਿ ਰਹੇ ਪਰਿਵਾਰਾਂ ਨੂੰ ਮਿਲੇ ਘਰਾਂ ਦੀ ਮਾਲਕੀ ਸਬੰਧੀ ਦਸਤਾਵੇਜ਼, ਪਿੰਡ ਵਾਸੀਆਂ ਵਿੱਚ ਖੁਸ਼ੀ ਦਾ ਮਾਹੌਲ

ਬਠਿੰਡਾ/ਮੌੜ ਮੰਡੀ 14 ਨਵੰਬਰ (ਜੀਵਨ ਬਾਂਸਲ): ਪੰਜਾਬ ਸਰਕਾਰ ਦੀ ‘ਮੇਰਾ ਘਰ ਮੇਰੇ ਨਾਮ’ ਸਕੀਮ ਤਹਿਤ ਪਿੰਡ ਬਦਿਆਲਾ ਵਿਖੇ ਲਾਭਪਾਤਰੀ ਪਰਿਵਾਰਾਂ ਨੂੰ ਪ੍ਰਾਪਰਟੀ ਕਾਰਡ ਵੰਡੇ ਗਏ। ਇਸ ਮੌਕੇ ਪਿੰਡ ਵਾਸੀਆਂ ਵਿੱਚ ਖੁਸ਼ੀ ਅਤੇ ਉਤਸ਼ਾਹ ਦਾ ਮਾਹੌਲ ਦੇਖਣ ਨੂੰ ਮਿਲਿਆ। ਪ੍ਰਾਪਰਟੀ ਕਾਰਡ ਮਿਲਣ ਨਾਲ ਲਾਭਪਾਤਰੀ ਪਰਿਵਾਰਾਂ ਨੂੰ ਆਪਣੇ ਘਰਾਂ ਦੀ ਮਾਲਕੀ ਸਬੰਧੀ ਦਸਤਾਵੇਜ਼ੀ ਸੁਰੱਖਿਆ ਪ੍ਰਾਪਤ ਕਰਨ ਵਿੱਚ ਮਦਦ ਮਿਲੇਗੀ।

ਇਸ ਮੌਕੇ ਕੇਵਲ ਸਿੰਘ ਘੜੈਲੀ, ਮੰਨਾ ਸਿੰਘ ਜੈਦ, ਹਰਪ੍ਰੀਤ ਸਿੰਘ ਜੈਦ ਅਤੇ ਸਤਨਾਮ ਸਿੰਘ ਕੋਟਲੀ ਨੇ ਵਿਸ਼ੇਸ਼ ਤੌਰ ’ਤੇ ਸ਼ਿਰਕਤ ਕੀਤੀ। ਇਸ ਤੋਂ ਇਲਾਵਾ ਪਿੰਡ ਬਦਿਆਲਾ ਦੇ ਵਸਨੀਕਾਂ, ਆਮ ਆਦਮੀ ਪਾਰਟੀ ਦੇ ਆਗੂਆਂ ਅਤੇ ਸਮੂਹ ਸਾਥੀਆਂ ਦੀ ਵੀ ਮੌਜੂਦਗੀ ਰਹੀ।

ਸਾਂਝੀ ਕਰਦਿਆਂ ਦੱਸਿਆ ਗਿਆ ਕਿ ‘ਮੇਰਾ ਘਰ ਮੇਰੇ ਨਾਮ’ ਸਕੀਮ ਦਾ ਮੁੱਖ ਉਦੇਸ਼ ਪਿੰਡਾਂ ਵਿੱਚ ਲਾਲ ਲਕੀਰ ਦੇ ਅੰਦਰ ਰਹਿ ਰਹੇ ਪਰਿਵਾਰਾਂ ਨੂੰ ਉਨ੍ਹਾਂ ਦੇ ਘਰਾਂ ਦੀ ਮਾਲਕੀ ਦੇ ਹੱਕਾਂ ਸਬੰਧੀ ਦਸਤਾਵੇਜ਼ ਮੁਹੱਈਆ ਕਰਵਾਉਣਾ ਹੈ। ਇਸ ਨਾਲ ਲਾਭਪਾਤਰੀਆਂ ਨੂੰ ਆਪਣੇ ਘਰ ਦੀ ਪਛਾਣ ਅਤੇ ਮਾਲਕੀ ਸਬੰਧੀ ਰਿਕਾਰਡ ਪ੍ਰਾਪਤ ਕਰਨ ਵਿੱਚ ਸਹਾਇਤਾ ਮਿਲਦੀ ਹੈ।

ਪਿੰਡਾਂ ਵਿੱਚ ਲੰਮੇ ਸਮੇਂ ਤੋਂ ਲਾਲ ਲਕੀਰ ਅੰਦਰ ਰਹਿ ਰਹੇ ਕਈ ਪਰਿਵਾਰਾਂ ਲਈ ਆਪਣੇ ਘਰਾਂ ਦੀ ਮਾਲਕੀ ਸਬੰਧੀ ਦਸਤਾਵੇਜ਼ ਪ੍ਰਾਪਤ ਕਰਨਾ ਮਹੱਤਵਪੂਰਨ ਮਾਮਲਾ ਰਿਹਾ ਹੈ। ਅਜਿਹੇ ਵਿੱਚ ਇਸ ਸਕੀਮ ਤਹਿਤ ਪ੍ਰਾਪਰਟੀ ਕਾਰਡ ਮਿਲਣ ਨਾਲ ਪਰਿਵਾਰਾਂ ਨੂੰ ਆਪਣੇ ਘਰਾਂ ਸਬੰਧੀ ਦਸਤਾਵੇਜ਼ੀ ਰਿਕਾਰਡ ਪ੍ਰਾਪਤ ਕਰਨ ਦਾ ਮੌਕਾ ਮਿਲਦਾ ਹੈ।

ਪਿੰਡ ਬਦਿਆਲਾ ਵਿਖੇ ਪ੍ਰਾਪਰਟੀ ਕਾਰਡ ਵੰਡਣ ਦੇ ਇਸ ਉਪਰਾਲੇ ਨਾਲ ਲਾਭਪਾਤਰੀ ਪਰਿਵਾਰਾਂ ਵਿੱਚ ਖੁਸ਼ੀ ਦੇਖਣ ਨੂੰ ਮਿਲੀ। ਇਸ ਮੌਕੇ ਹਾਜ਼ਰ ਵਿਅਕਤੀਆਂ ਨੇ ਸਕੀਮ ਨੂੰ ਪਿੰਡਾਂ ਦੇ ਪਰਿਵਾਰਾਂ ਲਈ ਮਹੱਤਵਪੂਰਨ ਉਪਰਾਲਾ ਦੱਸਿਆ।

— Jiwan kumar, Bathinda

POLITICS

## 18 ਨਵੰਬਰ ਨੂੰ ਪੰਜਾਬ ਆਉਣਗੇ ਨਿਤਿਨ ਨਬੀਨ! ਜਲੰਧਰ ਤੋਂ ਨਿਕਲੇਗੀ ਇਹ ਵੱਡੀ ਯਾਤਰਾ, ਜਾਵੇਗੀ ਵਾਰਾਣਸੀ



18 ਨਵੰਬਰ ਨੂੰ ਪੰਜਾਬ ਆਉਣਗੇ ਨਿਤਿਨ ਨਬੀਨ! ਜਲੰਧਰ ਤੋਂ ਨਿਕਲੇਗੀ ਇਹ ਵੱਡੀ ਯਾਤਰਾ, ਜਾਵੇਗੀ ਵਾਰਾਣਸੀ

Saturday, Nov 14, 2026।

ਜਲੰਧਰ/ਲੁਧਿਆਣਾ (

ਨਵੰਬਰ 2026 ਨੂੰ ਨੋਟੀਫਿਕੇਸ਼ਨ ਜਾਰੀ ਕਰਦਿਆਂ ਇਹ ਜਾਣਕਾਰੀ ਦਿੱਤੀ। ਇਸ ਸਰਕਾਰੀ ਹੁਕਮ 'ਤੇ ਆਮ ਪ੍ਰਸ਼ਾਸਨ ਵਿਭਾਗ ਦੇ ਸੰਯੁਕਤ ਸਕੱਤਰ ਪ੍ਰਦੀਪ ਤਾਇਲ ਦੇ ਦਸਤਖ਼ਤ ਹਨ। ਆਦੇਸ਼ ਦੀਆਂ ਕਾਪੀਆਂ ਉਪ-ਰਾਜਪਾਲ ਦਫ਼ਤਰ, ਮੁੱਖ ਮੰਤਰੀ ਦਫ਼ਤਰ, ਦਿੱਲੀ ਵਿਧਾਨ ਸਭਾ ਦੇ ਸਪੀਕਰ, ਮੰਤਰੀ ਪਰਿਸ਼ਦ ਦੇ ਸਕੱਤਰਾਂ, ਸੀਨੀਅਰ ਅਧਿਕਾਰੀਆਂ ਸਮੇਤ ਦਿੱਲੀ ਨਗਰ ਨਿਗਮ ਦੇ ਕਮਿਸ਼ਨਰ ਅਤੇ ਨਵੀਂ ਦਿੱਲੀ ਨਗਰਪਾਲਿਕਾ ਪਰਿਸ਼ਦ ਦੇ ਚੇਅਰਮੈਨ ਨੂੰ ਭੇਜੀਆਂ ਗਈਆਂ ਹਨ। ਛੱਠ ਪੂਜਾ ਮੁੱਖ ਤੌਰ 'ਤੇ ਸੂਰਜ ਦੇਵ ਤੇ ਛੱਠੀ ਮਈਆ ਦੀ ਉਪਾਸਨਾ ਦਾ ਪਵਿੱਤਰ ਤਿਉਹਾਰ ਹੈ। ਇਸ ਪਵਿੱਤਰ ਮੌਕੇ 'ਤੇ ਸ਼ਰਧਾਲੂ ਉਪਵਾਸ ਰੱਖਦੇ ਹਨ ਤੇ ਸੂਰਜ ਦੇਵਤਾ ਨੂੰ ਅਰਘ ਅਰਪਿਤ ਕਰਦੇ ਹਨ। ਦਿੱਲੀ 'ਚ ਵੀ ਬਹੁਤ ਵੱਡੀ ਗਿਣਤੀ 'ਚ ਸ਼ਰਧਾਲੂ ਉਤਸ਼ਾਹ ਨਾਲ ਛੱਠ ਪੂਜਾ ਦਾ ਆਯੋਜਨ ਕਰਦੇ ਹਨ।

— Shamsher Singh

INTERNATIONAL

## 25 ਸਾਲਾਂ ''ਚ ਸਭ ਤੋਂ ਲੰਬਾ Ground Stop ! ਹਜ਼ਾਰਾਂ ਫਲਾਈਟਾਂ ਰੱਦ, ਅਮਰੀਕੀ ਏਅਰਪੋਰਟਾਂ ''ਤੇ ਫ਼ਸੇ ਯਾਤਰੀ




25 ਸਾਲਾਂ "ਚ ਸਭ ਤੋਂ ਲੰਬਾ Ground Stop ! ਹਜ਼ਾਰਾਂ ਫਲਾਈਟਾਂ ਰੱਦ, ਅਮਰੀਕੀ ਏਅਰਪੋਰਟਾਂ "ਤੇ ਫ਼ਸੇ ਯਾਤਰੀ

Saturday, Nov 14, 2026 ।

ਇੰਟਰਨੈਸ਼ਨਲ ਡੈਸਕ- ਅਮਰੀਕਾ ਦੇ ਏਅਰ ਟ੍ਰੈਫਿਕ ਕੰਟਰੋਲ ਸਿਸਟਮ 'ਚ ਆਈ ਤਕਨੀਕੀ ਖ਼ਰਾਬੀ ਕਾਰਨ ਪੂਰੇ ਦੇਸ਼ ਦੇ ਏਅਰਪੋਰਟਾਂ 'ਤੇ ਏਅਰ ਐਮਰਜੈਂਸੀ ਦਾ ਐਲਾਨ ਕਰਨਾ ਪੈ ਗਿਆ, ਜਿਸ ਕਾਰਨ ਪਿਛਲੇ 25 ਸਾਲਾਂ 'ਚ ਸਭ ਤੋਂ ਲੰਬਾ 'ਗਰਾਊਂਡ ਸਟੌਪ' ਲੱਗਾ ਹੈ। ਇਸ ਕਾਰਨ ਸ਼ਨੀਵਾਰ ਨੂੰ ਅਮਰੀਕੀ ਏਅਰਪੋਰਟਾਂ ਤੋਂ 2,500 ਤੋਂ ਵੱਧ ਫਲਾਈਟਾਂ ਰੱਦ ਕਰ ਦਿੱਤੀਆਂ ਗਈਆਂ, ਜਦਕਿ ਸੈਂਕੜੇ ਉਡਾਣਾਂ ਲੰਬੀ ਦੇਰੀ ਨਾਲ ਚੱਲੀਆਂ।

ਟਰੰਪ ਪ੍ਰਸ਼ਾਸਨ ਦੇ ਅਧਿਕਾਰੀਆਂ ਅਨੁਸਾਰ, ਏਅਰ ਟਰੈਫ਼ਿਕ ਕੰਟਰੋਲ ਸਿਸਟਮ (ATC) ਨੂੰ ਅਪਗ੍ਰੇਡ ਕਰਨ ਨਾਲ ਪੁਰਾਣੇ ਇੰਸਟ੍ਰੂਮੈਂਟਸ 'ਤੇ ਵਾਧੂ ਬੋਝ ਪਿਆ, ਜਿਸ ਨਾਲ ਕਮਿਊਨੀਕੇਸ਼ਨ ਅਤੇ ਰਾਡਾਰ ਸਿਸਟਮ 'ਚ ਰੁਕਾਵਟ ਪੈ ਗਈ ਤੇ 4 ਘੰਟਿਆਂ ਤੋਂ ਵੱਧ ਸਮੇਂ ਲਈ ਪੂਰੇ ਦੇਸ਼ 'ਚ ਉਡਾਣਾਂ ਰੋਕਣੀਆਂ ਪਈਆਂ। ਐਮਰਜੈਂਸੀ ਖ਼ਤਮ ਕੀਤੇ ਜਾਣ ਤੋਂ ਬਾਅਦ ਸੀਮਤ ਘਰੇਲੂ ਉਡਾਣਾਂ ਸ਼ੁਰੂ ਹੋਈਆਂ, ਪਰ ਇਸ ਦਾ ਅਸਰ ਅਗਲੇ ਕਈ ਦਿਨਾਂ ਤੱਕ ਰਹਿਣ ਦੀ ਸੰਭਾਵਨਾ ਹੈ। 9/11 (2001) ਦੇ ਹਮਲਿਆਂ ਅਤੇ ਜਨਵਰੀ 2023 ਤੋਂ ਬਾਅਦ ਅਮਰੀਕਾ 'ਚ ਇਹ ਅਜਿਹਾ ਦੂਜਾ ਵੱਡਾ ਦੇਸ਼ ਪੱਧਰੀ ਬੰਦ ਹੈ।

— Shamsher Singh

POLITICS

## ਪੰਜਾਬ 'ਚ ਮਿਲੇਗਾ 500 ਰੁਪਏ 'ਚ ਸਿਲੰਡਰ! ਹਰਿਆਣਾ CM ਨਾਇਬ ਸੈਣੀ ਦਾ ਵੱਡਾ ਐਲਾਨ



ਪੰਜਾਬ 'ਚ ਮਿਲੇਗਾ 500 ਰੁਪਏ 'ਚ ਸਿਲੰਡਰ! ਹਰਿਆਣਾ CM ਨਾਇਬ ਸੈਣੀ ਦਾ ਵੱਡਾ ਐਲਾਨ

Friday, Nov 13, 2026।

ਜਲੰਧਰ (ਵੈੱਬ ਡੈਸਕ)- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ ਅੱਜ ਜਲੰਧਰ ਪਹੁੰਚੇ, ਜਿੱਥੇ ਉਨ੍ਹਾਂ ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ ਵਿਚ ਸਹਿਯੋਗ ਵੈੱਲਫੇਅਰ ਸੋਸਾਇਟੀ ਦੇ ਪ੍ਰੋਗਰਾਮ ਵਿਚ ਸ਼ਿਰਕਤ ਕੀਤੀ। ਇਸ ਦੌਰਾਨ ਉਨ੍ਹਾਂ ਜਨ ਸਭਾ ਨੂੰ ਸੰਬੋਧਨ ਕਰਦੇ ਹੋਏ ਜਿੱਥੇ ਪੰਜਾਬ ਸਰਕਾਰ 'ਤੇ ਸ਼ਬਦੀ ਹਮਲੇ ਕੀਤੇ, ਉਥੇ ਹੀ ਹਰਿਆਣਾ ਵਿਚ ਕੀਤੇ ਜਾ ਰਹੇ ਭਾਜਪਾ ਦੇ ਕੰਮਾਂ ਦਾ ਜ਼ਿਕਰ ਵੀ ਕੀਤਾ। ਇਸ ਦੌਰਾਨ ਉਨ੍ਹਾਂ ਵੱਡਾ ਐਲਾਨ ਕਰਦੇ ਹੋਏ ਕਿਹਾ ਕਿ ਪੰਜਾਬ ਵਿਚ ਸਾਡੀ ਸਰਕਾਰ ਆਉਣ 'ਤੇ 500 ਰੁਪਏ ਵਿਚ ਸਿਲੰਡਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਿਨ੍ਹਾਂ ਪਰਿਵਾਰਾਂ ਦੀ ਸਲਾਨਾ ਇਨਕਮ ਇਕ ਲੱਖ 80 ਹਜ਼ਾਰ ਰੁਪਏ ਹਨ, ਉਨ੍ਹਾਂ ਨੂੰ ਮਿਲੇਗਾ 500 ਰੁਪਏ 'ਚ ਸਿਲੰਡਰ ਮਿਲੇਗਾ।

— Shamsher Singh

NATIONAL

## ਭਜਨ ਸਿੰਘ ਪ੍ਰਧਾਨ ਨੇ 40 ਪਿੰਡਾਂ ਦੀ ਭਾਗੀਦਾਰੀ ਲਈ ਉਦਘਾਟਨ ਦੀ ਤਾਰੀਖ 15 ਤੋਂ 20 ਤਰੀਕ ਤੱਕ ਬਦਲੀ



ਭਜਨ ਸਿੰਘ ਪ੍ਰਧਾਨ, ਜੋ ਕਮੇਟੀ ਦੇ ਐਂਡ ਰਾਜੂ ਬੁੱਕ ਕਮੇਟੀ ਦੇ ਮੈਂਬਰ ਪ੍ਰਧਾਨ ਹਨ, ਨੇ ਉਦਘਾਟਨ ਦੀ ਮੂਲ ਤਾਰੀਖ 15 ਤਰੀਕ ਨੂੰ ਨਿਰਧਾਰਤ ਕੀਤਾ ਸੀ। ਦਿੱਤਾ ਹੈ, ਕਿਉਂਕਿ ਇਹ ਬਦਲਾਅ ਸਾਰੇ ਰਹਿੰਦੇ ਪਿੰਡਾਂ ਦੀ ਭਾਗੀਦਾਰੀ ਨੂੰ ਆਸਾਨ ਬਣਾਏਗਾ।

ਇਸ ਫੈਸਲੇ ਦੇ ਪਿੱਛੇ ਮੁੱਖ ਕਾਰਨ ਇਹ ਸੀ ਕਿ ਹੁਣ ਤੱਕ 40 ਪਿੰਡਾਂ ਦੀ ਹਾਜ਼ਰੀ ਬਾਕੀ ਹੈ, ਅਤੇ ਨਵੀਂ ਤਾਰੀਖ ਨਾਲ ਉਹਨਾਂ ਨੂੰ ਸ਼ਾਮਲ ਹੋਣ ਦਾ ਵਧੀਆ ਮੌਕਾ ਮਿਲੇਗਾ।

ਕਮੇਟੀ ਨੇ ਜ਼ੋਰ ਦਿੱਤਾ ਕਿ ਨਵੀਂ ਤਾਰੀਖ 'ਤੇ ਸਭ ਪਿੰਡਾਂ ਦੀ ਹਾਜ਼ਰੀ ਨਾਲ ਉਦਘਾਟਨ ਸਫਲ ਹੋਵੇਗਾ।

— Bhajan Singh

NATIONAL

## ਮੁੱਦਾ ਕਮੇਟੀ ਦਾ ਫੈਸਲਾ



ਸਾਡੀ ਕਮੇਟੀ ਨੇ ਇੱਕ ਫੈਸਲਾ ਕੀਤਾ ਹ ਕਿ ਜੋ 15 ਤਰੀਕ ਰੱਖੀ ਗਈ ਸੀ ਉਹ ਵੀ ਕਰ ਦਿੱਤੀ ਗਈ ਹੈ। ਸਾਡੀ ਇਹ ਸਾਰੀ 144 ਮੈਂਬਰ ਕਮੇਟੀ ਦਾ ਫੈਸਲਾ ਕੀ 20 ਤਰੀਕ ਨੂੰ ਉਦਘਾਟਨ ਕੀਤਾ ਜਾਵੇਗਾ

— Bhajan Singh

LOCAL

## ਪੁਲਿਸ ਨੇ ਰਸਤੇ ਦੇ ਕਿਨਾਰੇ ਲੱਗੀਆਂ ਰੇੜ੍ਹੀਆਂ ਵਾਲਿਆਂ ਨੂੰ ਚੇਤਾਵਨੀ, ਨਾ ਹਟੇ ਤਾਂ ਚਲਾਨ ਲਾਗੂ



ਪੁਲਿਸ ਪ੍ਰਸ਼ਾਸਨ ਨੇ ਰੋਡ ਦੀ ਸੁਰੱਖਿਆ ਨੂੰ ਲੈ ਕੇ ਇੱਕ ਨਵੀਂ ਹਦਾਇਤ ਜਾਰੀ ਕੀਤੀ ਹੈ, ਜਿਸ ਵਿੱਚ ਰਸਤੇ ਦੇ ਕਿਨਾਰੇ ਰੇੜ੍ਹੀਆਂ ਲਾ ਕੇ ਖੜ੍ਹੇ ਰਹਿਣ ਵਾਲੇ ਲੋਕਾਂ ਨੂੰ ਤੁਰੰਤ ਹਟਣ ਦੀ ਚੇਤਾਵਨੀ ਦਿੱਤੀ ਗਈ ਹੈ।

ਪੁਲਿਸ ਨੇ ਕਿਹਾ ਕਿ ਜੇਕਰ ਉਹ ਵਿਅਕਤੀ ਆਪਣੀ ਜਗ੍ਹਾ ਨਹੀਂ ਛੱਡਦੇ, ਤਾਂ ਉਨ੍ਹਾਂ ਉੱਤੇ ਚਲਾਨ ਲਗਾਇਆ ਜਾਵੇਗਾ, ਜਿਸ ਨਾਲ ਉਨ੍ਹਾਂ ਨੂੰ ਆਰਥਿਕ ਜੁਰਮਾਨਾ ਭੁਗਤਣਾ ਪਵੇਗਾ।

ਇਹ ਕਦਮ ਟਰੈਫਿਕ ਦੀ ਸੁਚਾਰੂ ਚਾਲ ਨੂੰ ਯਕੀਨੀ ਬਣਾਉਣ ਅਤੇ ਰਸਤੇ ਉੱਤੇ ਹੋ ਸਕਣ ਵਾਲੀਆਂ ਹਾਦਸਿਆਂ ਨੂੰ ਘਟਾਉਣ ਲਈ ਲਿਆ ਗਿਆ ਹੈ। ਉਲੰਘਣਾਵਾਂ ਦੀ ਨਿਗਰਾਨੀ ਕੜੀ ਰਹੇਗੀ ਅਤੇ ਲੋੜ ਪੈਣ 'ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

— Amandeep Singh

CRIME

## ASI ਨੇ ਰਿਟਾਇਰਡ ਕਮਾਂਡੋ ਨੂੰ ਥੱਪੜ ਮਾਰੀ, ਗਾਲੀ ਵਿੱਚ 'ਤੂੰ ਚੀਜ਼ ਕੀ ਐ ਉਏ, ਸ਼ਰਮ ਨੀਂ ਆਉਂਦੀ'




ਪੁਲਿਸ ਦੇ ਇੱਕ ਅਸਿਸਟੈਂਟ ਸਬ-ਇੰਸਪੈਕਟਰ (ASI) ਨੇ ਰਿਟਾਇਰਡ ਕਮਾਂਡੋ ਨੂੰ ਥੱਪੜ ਮਾਰਿਆ ਅਤੇ ਉਨ੍ਹਾਂ ਨੂੰ 'ਤੂੰ ਚੀਜ਼ ਕੀ ਐ ਉਏ, ਸ਼ਰਮ ਨੀਂ ਆਉਂਦੀ' ਕਹਿ ਕੇ ਗਾਲੀ ਦਿੱਤੀ।

ਇਸ ਘਟਨਾ ਵਿੱਚ ASI ਨੇ ਉਪਰੋਕਤ ਗਾਲੀ ਨਾਲ ਕਮਾਂਡੋ ਦੀ ਇੱਜ਼ਤ ਨੂੰ ਠੇਸ ਪਹੁੰਚਾਈ, ਜਿਸ ਨਾਲ ਮੌਜੂਦਾ ਸਮਾਜਿਕ ਅਤੇ ਕਾਨੂੰਨੀ ਚਰਚਾ ਉਭਰੀ।

ਘਟਨਾ ਦੀ ਜਾਣਕਾਰੀ ਮਿਲਣ 'ਤੇ, ਇਸ ਦੀ ਜਾਂਚ ਅਤੇ ਉਚਿਤ ਕਾਰਵਾਈ ਲਈ ਸੰਬੰਧਿਤ ਅਧਿਕਾਰੀਆਂ ਨੂੰ ਸੂਚਿਤ ਕੀਤਾ ਗਿਆ।

— Amandeep Singh

POLITICS

## ਪ੍ਰੋ : ਹਰਪ੍ਰੀਤ ਸਿੰਘ ਕੋਟ ਹਲਕਾ ਖਡੂਰ ਸਾਹਿਬ ਦੇ ਪਿੰਡਾ ਵਿੱਚ ਮਾਵਾਂ ਅਤੇ ਭੈਣਾਂ ਨੂੰ ਮਿਲਦੇ ਹੋਏ



ਤਰਨ ਤਾਰਨ 13 ਨਵੰਬਰ (ਪ੍ਰਕਾਸ਼ ਸਿੰਘ)

ਸਰਦਾਰ ਹਰਪ੍ਰੀਤ ਸਿੰਘ ਕੋਟ ਸੰਭਾਵੀ ਉਮੀਦਵਾਰ ਆਮ ਆਦਮੀ ਪਾਰਟੀ ਹਲਕਾ ਖਡੂਰ ਸਾਹਿਬ ਨੇ ਹਲਕੇ ਦੇ ਪਿੰਡ ਵਿੱਚ ਮਾਵਾਂ ਧੀਆਂ ਸਤਿਕਾਰ ਯੋਜਨਾ ਤਹਿਤ ਹਲਕੇ ਦੀਆਂ ਮਹਿਲਾਵਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਮਾਨ ਸਰਕਾਰ ਦੁਆਰਾ ਚਲਾਈਆ ਜਾ ਰਹੀਆਂ ਲੋਕ ਭਲਾਈ ਦੀਆਂ ਸਕੀਮਾਂ ਤੋਂ ਜਾਣੂ ਕਰਵਾਇਆ ਤੇ ਉਨ੍ਹਾਂ ਹਰ ਵਰਗ ਦੀਆਂ ਮਹਿਲਾਵਾਂ ਨੂੰ ਇਹਨਾਂ ਸਕੀਮਾਂ ਦਾ ਵੱਧ ਤੋਂ ਵੱਧ ਫ਼ਾਇਦਾ ਲੈਣ ਲਈ ਕਿਹਾ । ਭਲਾਈ ਦੀਆਂ ਜੋ ਵੀ ਸਕੀਮਾਂ ਚੱਲ ਰਹੀਆਂ ਹਨ ਹਰ ਵਰਗ ਇਨ੍ਹਾਂ ਸਕੀਮਾਂ ਤੋਂ ਬਹੁਤ ਖੁਸ਼ ਹੈ । ਉਨ੍ਹਾਂ ਕਿਹਾ ਕੇ ਲੋਕ ਪੰਜਾਬ ਵਿੱਚ ਦੁਬਾਰਾ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਲਈ ਮਨ ਬਣਾ ਚੁੱਕੇ ਹਨ ।

ਉਨ੍ਹਾਂ ਕਿਹਾ ਕਿ ਹਲਕਾ ਖਡੂਰ ਸਾਹਿਬ ਵਿੱਚ ਮਾਵਾਂ ਧੀਆਂ ਭੈਣਾਂ ਵੱਲੋਂ ਉਨ੍ਹਾਂ ਨੂੰ ਦੁਆਵਾਂ ਅਸੀਸਾਂ ਤੇ ਬਹੁਤ ਮਾਣ ਸਤਿਕਾਰ ਤੇ ਪਿਆਰ ਮਿਲ ਰਿਹਾ ਹੈ ।

— Parkash singh

## 70ਵੀਆਂ ਸਕੂਲ ਖੇਡਾਂ ਵਿੱਚ ਬਠਿੰਡਾ ਦੀਆਂ ਲੜਕੀਆਂ ਨੇ ਕਬੱਡੀ ਸਰਕਲ ਵਿੱਚ ਜਿੱਤਿਆ ਸੋਨ ਤਮਗਾ



ਫਰੀਦਕੋਟ ਨੇ ਦੂਜਾ ਅਤੇ ਸੰਗਰੂਰ ਨੇ ਤੀਜਾ ਸਥਾਨ ਹਾਸਲ ਕੀਤਾ, ਵਧੀਕ ਡਿਪਟੀ ਕਮਿਸ਼ਨਰ ਨੇ ਜੇਤੂ ਖਿਡਾਰਨਾਂ ਦਾ ਕੀਤਾ ਸਨਮਾਨ

ਬਠਿੰਡਾ, 14 ਨਵੰਬਰ (ਜੀਵਨ ਬਾਂਸਲ): ਸਥਾਨਕ ਖੇਡ ਸਟੇਡੀਅਮ ਵਿਖੇ ਚੱਲ ਰਹੀਆਂ 70ਵੀਆਂ ਸਕੂਲ ਖੇਡਾਂ ਦੌਰਾਨ ਅੰਡਰ-14 ਲੜਕੀਆਂ ਦੇ ਕਬੱਡੀ ਸਰਕਲ ਮੁਕਾਬਲੇ ਵਿੱਚ ਬਠਿੰਡਾ ਜ਼ਿਲ੍ਹੇ ਦੀ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪਹਿਲਾ ਸਥਾਨ ਹਾਸਲ ਕਰਕੇ ਸੋਨ ਤਮਗਾ ਜਿੱਤਿਆ। ਇਸ ਮੁਕਾਬਲੇ ਵਿੱਚ ਫਰੀਦਕੋਟ ਜ਼ਿਲ੍ਹੇ ਦੀ ਟੀਮ ਦੂਜੇ ਅਤੇ ਸੰਗਰੂਰ ਦੀ ਟੀਮ ਤੀਜੇ ਸਥਾਨ ’ਤੇ ਰਹੀ।

ਜੇਤੂ ਖਿਡਾਰਨਾਂ ਨੂੰ ਸਨਮਾਨਿਤ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਮੈਡਮ ਪੂਨਮ ਸਿੰਘ ਨੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ। ਉਨ੍ਹਾਂ ਕਿਹਾ ਕਿ ਕਬੱਡੀ ਪੰਜਾਬ ਦੀ ਮਾਂ-ਖੇਡ ਹੈ ਅਤੇ ਬਠਿੰਡਾ ਦੀਆਂ ਧੀਆਂ ਵੱਲੋਂ ਇਸ ਖੇਡ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਜ਼ਿਲ੍ਹੇ ਦਾ ਨਾਮ ਰੌਸ਼ਨ ਕਰਨਾ ਮਾਣ ਵਾਲੀ ਗੱਲ ਹੈ।

ਉਨ੍ਹਾਂ ਖਿਡਾਰਨਾਂ ਨੂੰ ਭਵਿੱਖ ਵਿੱਚ ਵੀ ਮਿਹਨਤ ਅਤੇ ਲਗਨ ਨਾਲ ਖੇਡਾਂ ਵਿੱਚ ਅੱਗੇ ਵਧਣ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ) ਰਾਜੀਵ ਕੁਮਾਰ ਛਾਬੜਾ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਚਮਕੌਰ ਸਿੰਘ ਸਿੱਧੂ, ਡੀ.ਐੱਸ.ਸੀ. ਜਸਵੀਰ ਸਿੰਘ (ਸਪੋਰਟਸ), ਜ਼ਿਲ੍ਹਾ ਸਕੱਤਰ ਜਗਦੀਸ਼ ਕੁਮਾਰ, ਪ੍ਰਿੰਸੀਪਲ ਲਵਲੀਨ ਕੌਰ, ਹੈੱਡਮਿਸਟ੍ਰੈਸ ਗੁਰਪ੍ਰੀਤ ਕੌਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਅਧਿਆਪਕ, ਕੋਚ, ਖਿਡਾਰੀ ਅਤੇ ਖੇਡ ਪ੍ਰੇਮੀ ਹਾਜ਼ਰ ਸਨ।

— Jiwan kumar, Bathinda